# ਗੁਰੂ ਨਾਨਕ –ਸਬਦ ੧੦੭

## ਫਕੜ ਜਾਤੀ ਫਕੜੁ ਨਾਉ ॥

### ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੮੩

ਫਕੜ ਜਾਤੀ ਫਕੜੁ ਨਾਉ ॥
ਸਭਨਾ ਜੀਆ ਇਕਾ ਛਾਉ ॥
ਆਪਹੁ ਜੇ ਕੋ ਭਲਾ ਕਹਾਏ ॥
ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ ॥੧॥

ਸਾਰ: ਰੂਪਾਂ ਅਤੇ ਭਿੰਨਤਾਵਾਂ ਦੇ ਸੰਸਾਰ ਹੇਠਾਂ ਸੁਹਜਮਈ ਏਕਤਾ ਹੈ, ਇਕ ਸ਼ਾਂਤ ਸਤਾ, ਜੋ ਬਿਨਾਂ ਕਿਸੇ ਪੱਖਪਾਤ ਦੇ ਸਾਰੇ ਜੀਵਨਾਂ ਨੂੰ ਪਾਲਦੀ ਹੈ। ਇਹ ਹਰ ਵਸਤ ਨੂੰ ਨਿਰਣੇ ਜਾਂ ਦਰਜਾਬੰਦੀ ਤੋਂ ਮੁਕਤ, ਬਰਾਬਰ ਸਮਰਥਨ ਦਿੰਦੀ ਹੈ। ਜਦੋਂ ਅਸੀਂ ਇਸ ਸੱਚਾਈ ਨੂੰ ਸਮਝਦੇ ਹਾਂ, ਤਾਂ ਤੁਲਨਾ ਅਤੇ ਮੁਕਾਬਲੇ ਦੀਆਂ ਜ਼ੰਜੀਰਾਂ ਭੰਗ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਵਿਛੋੜੇ ਦੀ ਭਾਵਨਾ ਪਿਘਲ ਜਾਂਦੀ ਹੈ, ਸਾਂਝ ਦੀ ਅਪਣੱਤ ਭਰਪੂਰ ਗੂੜ੍ਹ ਭਾਵਨਾ ਪ੍ਰਗਟ ਹੁੰਦੀ ਹੈ। ਦੂਜਿਆਂ ਤੋਂ ਉੱਪਰ ਉੱਠਣ ਦੀ ਦੌੜ ਨੂੰ ਛੱਡ, ਅਸੀਂ ਉਨ੍ਹਾਂ ਨਾਲ ਇਕਸੁਰਤਾ ਵਿਚ ਰਹਿਣ ਵਾਲੇ ਸੁਹਜ ਮਾਰਗ ਦੇ ਪਾਂਧੀ ਬਣ ਜਾਂਦੇ ਹਾਂ। ਇਸ ਜਾਗਰੂਕਤਾ ਰਾਹੀਂ, ਦਇਆ ਦੀ ਧਾਰਾ ਕੁਦਰਤੀ ਤੌਰ 'ਤੇ ਵਹਿ ਤੁਰਦੀ ਹੈ, ਜੋ ਸਾਨੂੰ ਆਪਸੀ ਮੇਲ ਅਤੇ ਸੰਪੂਰਨ ਹੋਂਦ ਵੱਲ ਸੇਧਿਤ ਕਰਦੀ ਹੈ।

ਫਕੜ ਜਾਤੀ ਫਕੜੁ ਨਾਉ ॥
ਸਮਾਜਿਕ ਰੁਤਬਾ ਮਾਮੂਲੀ ਭਾਸਦਾ ਹੈ, ਅਤੇ ਪਛਾਣ ਅਰਥਹੀਣ। ਇਹ ਦ੍ਰਿਸ਼ਟਾਂਤ ਸੁਝਾਅ ਦਿੰਦਾ ਹੈ ਕਿ ਕੀਮਤ ਨੂੰ ਪਰਿਭਾਸ਼ਿਤ ਕਰਨ ਲਈ ਹਉਮੈ ਦੇ ਬਾਹਰੀ ਚਿੰਨ੍ਹ 'ਤੇ ਨਿਰਭਰਤਾ ਇਕ ਗੁੰਮਰਾਹਕੁੰਨ ਯਤਨ ਹਨ ਜੋ ਸਾਡੇ ਵਜੂਦ ਦੀ ਗੰਭੀਰ ਹਕੀਕਤ ਨੂੰ ਢੱਕ ਦਿੰਦੇ ਹਨ।

ਸਭਨਾ ਜੀਆ ਇਕਾ ਛਾਉ ॥
ਸਾਰੇ ਜੀਵਤ ਪ੍ਰਾਣੀ ਇਕੋ ਹੀ ਪਰਛਾਵਾਂ ਸਾਂਝਾ ਕਰਦੇ ਹਨ, ਇਹ ਸਾਰੀ ਹੋਂਦ ਦੀ ਗੂੜ੍ਹ ਸਮਾਨਤਾ ਅਤੇ ਆਪਸੀ ਸਬੰਧਤਾ ਦਾ ਪ੍ਰਤੀਕ ਹੈ, ਜਿਸ ਦੀ ਜੜ੍ਹ ਇਕ ਸਾਂਝੀ, ਸਰਵ ਵਿਆਪਕ ਸਤਾ ਵਿਚ ਹੁੰਦੀ ਹੈ।

ਆਪਹੁ ਜੇ ਕੋ ਭਲਾ ਕਹਾਏ ॥

ਜੇਕਰ ਕੋਈ ਆਪਣੇ ਆਪ ਨੂੰ ਨੇਕ ਕਹਿੰਦਾ ਹੈ, ਤਾਂ ਇਹ ਦਾਅਵਾ ਹਉਮੈ ਦੀ ਸੱਚੀ ਯੋਗਤਾ ਦੀ ਬਜਾਏ ਪਦ-ਪਦਵੀ ਦੁਆਰਾ ਪ੍ਰਮਾਣਿਕਤਾ ਦੀ ਤਾਂਘ ਨੂੰ ਦਰਸਾਉਂਦਾ ਹੈ।

ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ ॥੧॥

ਨਾਨਕ ਕਹਿੰਦੇ ਹਨ ਕਿ ਕਦਰ-ਕੀਮਤ ਦੀ ਪਛਾਣ ਉਦੋਂ ਹੁੰਦੀ ਹੈ ਜਦੋਂ ਭਰੋਸੇਯੋਗਤਾ ਦਾ ਲੇਖਾ-ਜੋਖਾ ਕੀਤਾ ਜਾਂਦਾ ਹੈ ਅਤੇ ਇਸ ਨੂੰ ਕਿਸੇ ਦੇ ਅੰਤਹਕਰਣ ਅੰਦਰ ਧਾਰਨ ਕੀਤਾ ਜਾਂਦਾ ਹੈ। ਇਹ ਇਸ ਸੂਝ ਨੂੰ ਉਜਾਗਰ ਕਰਦਾ ਹੈ ਕਿ ਕਦਰ-ਕੀਮਤ ਇਮਾਨਦਾਰੀ ਦੀ ਭਾਵਨਾ ਵਿਚ ਹੈ ਜਿਸਨੂੰ ਕਿਸੇ ਬਾਹਰੀ ਪ੍ਰਮਾਣਿਕਤਾ ਦੀ ਲੋੜ ਨਹੀਂ ਹੈ। (੧)

ਤੱਤ: ਗੁਰੂ ਨਾਨਕ ਦਰਜਾਬੰਦੀ ਅਤੇ ਵਿਰਾਸਤ ਵਿਚ ਮਿਲੀ ਉੱਤਮਤਾ ਦੇ ਵਿਚਾਰ 'ਤੇ ਸਵਾਲ ਉਠਾਉਂਦੇ ਹੋਏ ਕਹਿੰਦੇ ਹਨ ਕਿ ਸੱਚਾਈ ਦੇ ਖੇਤਰ ਵਿਚ, ਕੋਈ ਵੀ ਇਕ-ਦੂਜੇ ਤੋਂ ਉੱਪਰ ਨਹੀਂ ਹੁੰਦਾ। ਸਦਗੁਣ ਅਜਿਹੀ ਵਸਤ ਨਹੀਂ ਹੈ ਜਿਨ੍ਹਾਂ ਦਾ ਦਾਅਵਾ ਰੁਤਬੇ ਜਾਂ ਪਛਾਣ ਨਾਲ ਹੋਵੇ; ਇਹ ਇਮਾਨਦਾਰੀ ਅਤੇ ਸਮੁਚੀ ਹੋਂਦ ਦੀ ਗੂੜ੍ਹ ਏਕਤਾ ਨਾਲ ਇਕਸੁਰ ਹੋ ਤ੍ਰਾਸੀ ਜਾਂਦੇ ਹਨ। ਜਦੋਂ ਇਹ ਇਕਸਾਰਤਾ ਦਿਆਨਤਦਾਰੀ ਭਰਪੂਰ ਹੁੰਦੀ ਹੈ, ਤਾਂ ਇਸ ਦੀ ਕੀਮਤ ਬਿਨਾਂ ਕਿਸੇ ਐਲਾਨ ਦੇ ਸਪੱਸ਼ਟ ਹੋ ਜਾਂਦੀ ਹੈ। ਜੀਵਨ ਦੇ ਇਸ ਸਫ਼ਰ ਵਿਚ ਜ਼ੋਰ ਆਪਣੇ ਆਪ ਨੂੰ ਸਾਬਤ ਕਰਨ 'ਤੇ ਨਹੀਂ, ਸਗੋਂ ਅੰਤਰੀਵੀ ਤੌਰ 'ਤੇ ਨਿਰਮਲ ਹੋਣ ਵਿਚ ਹੁੰਦਾ ਹੈ। ਰੁਪਾਂਤ੍ਰਣ, ਪ੍ਰਦਰਸ਼ਨ ਨਹੀਂ, ਇਹ ਜੀਵਨ ਨੂੰ ਇਸਦੇ ਸਹੀ ਅਰਥਾਂ ਵਿਚ ਢਾਲਦਾ ਹੈ। ਅਜਿਹੀ ਜੀਵਨ ਧਾਰਾ ਅੰਦਰ, ਦਇਆ ਕੁਦਰਤੀ ਤੌਰ 'ਤੇ ਤੁਲਨਾ ਦੀ ਥਾਂ ਲੈ ਲੈਂਦੀ ਹੈ। ਏਕਤਾ ਹੁਣ ਕੋਈ ਵਿਚਾਰ ਨਹੀਂ, ਸਗੋਂ ਇਕ ਗੁਣ ਹੋ ਨਿਬੜਦੀ ਹੈ ਜੋ ਕਿਸੇ ਦੇ ਕਰਮਾਂ ਰਾਹੀਂ ਪ੍ਰਗਟ ਹੁੰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **[OnenessInDiversity.com](OnenessInDiversity.com)**

ਈਮੇਲ: **onenessindiversityfoundation@gmail.com**